


Khalistan Affairs Centre
956-National Press Building
Washington, DC
20045
Ph: 202-637-9210
Fax: 202-637-9211
Email: kacwashdc@yahoo.com
www.khalistan-affairs.org


# ਖਾਲਿਸਤਾਨ ਕਾਲਿੰਗ

## ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਡੀ. ਸੀ. ਦੀ ਕਲਮ ਤੋਂ

---

## ਨੇਪਾਲ ਦੀਆਂ ਚੋਣਾਂ ਵਿੱਚ ਮਾਓਵਾਦੀਆਂ ਦੀ 'ਇਤਿਹਾਸਕ ਜਿੱਤ' ਨੇ ਭਾਰਤੀ ਹਾਕਮਾਂ ਦੀ ਨੀਂਦ ਹਰਾਮ ਕੀਤੀ!

## "ਨੇਪਾਲ ਦੇ ਚੋਣ ਨਤੀਜੇ ਭਾਰਤ ਲਈ ਇੱਕ ਖੌਫਨਾਕ ਸੁਪਨੇ ਵਾਂਗ -ਇਕੌਨੌਮਿਸਟ ਲੰਡਨ"

## "ਮਾਓਵਾਦੀਆਂ ਦੀ ਜਿੱਤ ਨਾਲ ਭਾਰਤ ਸਰਕਾਰ 'ਸਾਂਝੇ ਸਦਮੇ' ਵਿੱਚ -ਟਾਈਮਜ਼ ਆਫ ਇੰਡੀਆ"

## ਨੇਪਾਲ ਵਿੱਚ ਮਾਓਵਾਦੀਆਂ ਵਲੋਂ ਜਿੱਤ ਦੇ ਝੰਡੇ ਗੱਡਣ ਨਾਲ ਭਾਰਤ ਵਿਚਲੇ ਉਨ੍ਹਾਂ ਦੇ ਚਚੇਰੇ ਭਰਾਵਾਂ – 'ਨਕਸਲਬਾੜੀਆਂ' ਵਿੱਚ ਖੁਸ਼ੀ ਦੀ ਲਹਿਰ!

## 26 ਮਿਲੀਅਨ ਸਿੱਖ ਕੌਮ ਅਤੇ ਨੇਪਾਲ ਦੇ ਸਬੰਧਾਂ ਦਾ ਇਤਿਹਾਸਕ ਪਿਛੋਕੜ!

ਵਾਸ਼ਿੰਗਟਨ (ਡੀ. ਸੀ.) 16 ਅਪਰੈਲ, 2008 – ਬੜੀ ਕਸ਼ਮਕਸ਼ ਤੋਂ ਬਾਅਦ, ਨੇਪਾਲ ਵਿੱਚ ਹੋਈਆਂ ਚੋਣਾਂ ਨੇ ਬਹੁਤ ਹੀ ਹੈਰਾਨੀਜਨਕ ਨਤੀਜੇ ਸਾਹਮਣੇ ਲਿਆਂਦੇ ਹਨ। ਭਾਵੇਂ ਅਜੇ ਵੋਟਾਂ ਦੀ ਗਿਣਤੀ ਸਾਰੇ ਹਲਕਿਆਂ ਵਿੱਚ ਮੁਕੰਮਲ ਨਹੀਂ ਹੋਈ ਪਰ ਪ੍ਰਾਪਤ ਨਤੀਜਿਆਂ ਤੋਂ ਜ਼ਾਹਰ ਹੈ ਕਿ ਮਾਓਵਾਦੀਆਂ ਦੀ ਪਾਰਟੀ ਨੇ, ਆਪਣੇ ਸੁਯੋਗ ਮਿਨਾਤੀਸੀ ਲੀਡਰ ਮਿਸਟਰ ਪ੍ਰਚੰਡਾ ਦੀ ਅਗਵਾਈ ਵਿੱਚ ਸਪੱਸ਼ਟ ਬਹੁਮਤ ਹਾਸਲ ਕਰ ਲੈਣਾ ਹੈ। ਕਾਠਮੰਡੂ ਸਥਿਤ ਅਖਬਾਰ 'ਨੇਪਾਲ ਨਿਊਜ਼' ਅਨੁਸਾਰ, ਹੁਣ ਤੱਕ ਐਲਾਨੇ ਗਏ 212 ਹਲਕਿਆਂ ਦੇ ਨਤੀਜਿਆਂ ਵਿੱਚ, ਮਾਓਵਾਦੀਆਂ ਨੂੰ 116 ਸੀਟਾਂ ਮਿਲੀਆਂ ਹਨ ਜਦੋਂ ਕਿ ਨੇਪਾਲੀ ਕਾਂਗਰਸ ਨੂੰ 33 ਅਤੇ ਯੂਨੀਫਾਈਡ ਮਾਰਕਸਿਸਟ ਲੈਨਿਨਿਸਟ ਪਾਰਟੀ ਨੂੰ 29 ਸੀਟਾਂ 'ਤੇ ਜਿੱਤ

ਹਾਸਲ ਹੋਈ ਹੈ। ਹਿੰਦੀ ਤੇ ਭੋਜਪੁਰੀ ਬੈਲਟ ਵਿੱਚ ਸ਼ਕਤੀਸ਼ਾਲੀ ਧਿਰ ਮਧੇਸੀ ਜਨਅਧਿਕਾਰ ਫੋਰਮ ਨੂੰ 21 ਸੀਟਾਂ ਪ੍ਰਾਪਤ ਹੋਈਆਂ ਹਨ। ਭਾਵੇਂ ਨੇਪਾਲ ਦੀ ਚੋਣ ਪ੍ਰਕਿਰਿਆ ਬੜੀ ਜਟਿਲ ਹੈ ਕਿਉਂਕਿ ਬਹੁਤ ਸਾਰੀਆਂ ਸੀਟਾਂ 'ਅਨੁਪਾਤਕ ਵੋਟਾਂ' ਦੇ ਲਿਹਾਜ਼ ਨਾਲ ਵੀ ਐਲਾਨੀਆਂ ਜਾਣੀਆਂ ਹਨ ਪਰ ਇਹ ਲਗਭਗ ਸਪੱਸ਼ਟ ਹੀ ਹੈ ਕਿ ਨੇਪਾਲ ਵਿੱਚ ਸਰਕਾਰ ਮਾਓਵਾਦੀਆਂ ਦੀ ਹੀ ਬਣਨੀ ਹੈ।

ਸਥਿਤੀ ਬੜੀ ਦਿਲਚਸਪ ਬਣ ਗਈ ਹੈ। ਇੱਕ ਪਾਸੇ ਅਮਰੀਕਾ ਦੇ ਸਟੇਟ ਡਿਪਾਰਟਮੈਂਟ ਨੇ ਮਾਓਵਾਦੀਆਂ ਦੀ ਪਾਰਟੀ ਨੂੰ 'ਦਹਿਸ਼ਤਗਰਦ' ਐਲਾਨਿਆ ਹੋਇਆ ਹੈ, ਦੂਸਰੇ ਪਾਸੇ ਭਾਰਤੀ ਹਾਕਮਾਂ ਨੇ ਕਦੇ ਸੁਪਨੇ ਵਿੱਚ ਵੀ ਇਹ ਕਿਆਸ ਨਹੀਂ ਸੀ ਕੀਤਾ ਕਿ ਮਾਓਵਾਦੀ ਚੋਣਾਂ ਵਿੱਚ ਬਹੁਮਤ ਹਾਸਲ ਕਰਕੇ, ਕੋਇਰਾਲਾ ਦੀ ਕਾਂਗਰਸ ਪਾਰਟੀ (ਜਿਸਨੂੰ ਭਾਰਤ ਦੀ ਮੁਕੰਮਲ ਹਮਾਇਤ ਹਾਸਲ ਹੈ) ਨੂੰ ਸੱਤਾ ਤੋਂ ਲਾਂਭੇ ਕਰ ਦੇਣਗੇ। ਮਾਓਵਾਦੀ ਪਾਰਟੀ ਦਾ ਨੇਤਾ ਮਿਸਟਰ ਪ੍ਰਚੰਡਾ ਨਾ ਸਿਰਫ ਭਾਰਤੀ ਸਿਸਟਮ ਦਾ ਹੀ ਆਲੋਚਕ ਹੈ ਬਲਕਿ ਉਹ ਕਸ਼ਮੀਰ, ਨਾਗਾਲੈਂਡ ਸਮੇਤ ਉੱਤਰ-ਪੂਰਵ ਦੇ ਸੱਤ ਸੂਬਿਆਂ ਵਿੱਚ, ਆਤਮ ਨਿਰਣੇ ਦਾ ਹੱਕ ਲੈਣ ਲਈ ਚੱਲ ਰਹੇ ਅੰਦੋਲਨਾਂ ਦਾ ਵੀ ਸਮਰਥਕ ਹੈ। ਭਾਰਤ ਦੇ ਹਾਕਮ ਨੇਪਾਲ ਨੂੰ ਆਪਣਾ 'ਪਿਛਵਾੜਾ' ਸਮਝਦੇ ਹਨ ਅਤੇ ਨੇਪਾਲੀ ਹਾਕਮਾਂ ਤੋਂ ਇਹ ਆਸ ਕਰਦੇ ਹਨ ਕਿ ਉਹ ਅੱਖਾਂ ਮੀਟ ਕੇ ਭਾਰਤ ਦੇ ਪਿੱਛੇ ਤੁਰਨ। ਪਰ ਮਾਓਵਾਦੀਆਂ ਦੀ 'ਪ੍ਰੇਰਨਾ' ਤੇ ਸ਼ਕਤੀ 'ਚੀਨ' ਚੋਂ ਨਿਕਲਦੀ ਹੈ। ਨੇਪਾਲ ਵਿੱਚ ਮਾਓਵਾਦੀਆਂ ਦੀ ਸਰਕਾਰ ਬਨਣ ਨਾਲ ਨੇਪਾਲ, ਭਾਰਤ ਨਾਲੋਂ ਦੂਰੀ ਬਣਾਏਗਾ ਅਤੇ ਚੀਨ ਦੇ ਹੋਰ ਨੇੜੇ ਜਾਣ ਦਾ ਯਤਨ ਕਰੇਗਾ। ਭਾਰਤ ਜਵਾਬੀ ਕਾਰਵਾਈ ਵਿੱਚ 'ਆਰਥਿਕ' ਮਾਰ ਮਾਰਨ ਦਾ ਯਤਨ ਕਰੇਗਾ ਕਿਉਂਕਿ ਨੇਪਾਲ ਕਾਫੀ ਹੱਦ ਤੱਕ ਭਾਰਤੀ ਸੀਮਾ ਰਾਹੀਂ ਹੀ ਆਪਣਾ ਸਾਜ਼ੋ-ਸਮਾਨ 'ਆਯਾਤ' ਕਰਦਾ ਹੈ। ਉਸ ਦੇ ਪ੍ਰਤੀਕਰਮ ਵਿੱਚ, ਭਾਰਤ ਵਿਚਲੇ ਗੋਰਖਿਆਂ (ਫੌਜ ਵਿੱਚ ਅਤੇ ਪੱਛਮੀ ਬੰਗਾਲ ਦੇ ਦਾਰਜੀਲਿੰਗ, ਹਿਮਾਚਲ ਪ੍ਰਦੇਸ਼ ਦੇ ਧਰਮਸ਼ਾਲਾ, ਉਤਰਾਖੰਡ ਦੇ ਨੈਨੀਤਾਲ ਆਦਿ ਹਿੱਸਿਆਂ ਵਿੱਚ ਵਸਣ ਵਾਲੇ ਸਿਵਲੀਅਨ ਗੋਰਖੇ) ਵਿੱਚ ਬੇਚੈਨੀ ਅਤੇ ਗੁੱਸਾ ਵਧੇਗਾ। ਕੁਲ ਮਿਲਾ ਕੇ ਇਹ ਸਥਿਤੀ ਕਿਸੇ ਪੱਖੋਂ ਵੀ ਭਾਰਤ ਦੇ ਹੱਕ ਵਿੱਚ ਨਹੀਂ ਜਾਂਦੀ। ਤਿੱਬਤ ਮੁੱਦੇ 'ਤੇ ਭਾਰਤ ਵਲੋਂ ਕੀਤੀ ਜਾਂਦੀ 'ਸ਼ੈਤਾਨੀ' ਤੋਂ ਚੀਨੀ ਭਰੇ ਪੀਤੇ ਬੈਠੇ ਹਨ - ਨੇਪਾਲ ਉਸ ਸ਼ੈਤਾਨੀ ਦਾ 'ਜਵਾਬ' ਹੋ ਸਕਦਾ ਹੈ। ਇਸ ਤੋਂ ਇਲਾਵਾ ਭਾਰਤ ਦੇ ਪੱਛਮੀ ਬੰਗਾਲ, ਬਿਹਾਰ, ਝਾਰਖੰਡ, ਛੱਤੀਸਗੜ੍ਹ, ਉੜੀਸਾ, ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਆਂਧਰਾ ਪ੍ਰਦੇਸ਼ ਪ੍ਰਾਂਤਾਂ ਦੇ 265 ਜ਼ਿਲ੍ਹਿਆਂ ਵਿੱਚ ਨਕਸਲਬਾੜੀਆਂ ਦਾ ਇੰਨਾ ਪ੍ਰਭਾਵ ਹੈ ਕਿ ਇਨ੍ਹਾਂ ਇਲਾਕਿਆਂ ਨੂੰ ਕਾਠਮੰਡੂ ਨਾਲ ਜੋੜ ਕੇ, ਇਸ ਦਾ ਨਾਂ ਲਾਲ ਲਾਂਘਾ (ਰੈਡ ਕੋਰੀਡੋਰ) ਪੁਕਾਰਿਆ ਜਾਂਦਾ ਹੈ। ਨੇਪਾਲ ਵਿੱਚ ਮਾਓਵਾਦੀਆਂ ਦੀ ਸਰਕਾਰ ਬਣਨ ਨਾਲ, ਨਕਸਲਵਾਦੀ ਪੂਰੇ ਹੌਂਸਲੇ ਵਿੱਚ ਹੋ ਗਏ ਹਨ। 14 ਅਪਰੈਲ ਦੀਆਂ ਮੀਡੀਆ ਰਿਪੋਰਟਾਂ ਅਨੁਸਾਰ, ਨਕਸਲੀਆਂ ਨੇ ਬਿਹਾਰ ਸਟੇਟ ਦੇ ਝਾਜਾ ਰੇਲਵੇ ਸਟੇਸ਼ਨ 'ਤੇ ਹਮਲਾ ਕਰਕੇ, ਪੰਜ ਸੁਰੱਖਿਆ ਕਰਮੀਆਂ ਨੂੰ ਮਾਰ ਮੁਕਾਇਆ ਅਤੇ ਜਾਣ ਲੱਗਿਆਂ ਉਨ੍ਹਾਂ ਦੇ ਹਥਿਆਰ ਵੀ ਲੈ ਗਏ। ਇਹ ਇਵੇਂ ਹੀ ਹੈ, ਜਿਵੇਂ ਨਕਸਲੀਆਂ ਨੇ ਕਾਮਰੇਡ ਪ੍ਰਚੰਡਾ ਨੂੰ 'ਲਾਲ ਸਲਾਮ' ਭੇਜੀ ਹੋਵੇ।

ਲੰਡਨ ਦੀ ਪ੍ਰਸਿੱਧ ਅਖਬਾਰ 'ਇਕੌਨੋਮਿਸਟ' ਨੇ ਨੇਪਾਲ ਚੋਣ ਨਤੀਜਿਆਂ ਨੂੰ 'ਭਾਰਤ ਲਈ ਇੱਕ ਖੌਫਨਾਕ ਸੁਪਨਾ' ਦੱਸਦਿਆਂ ਕਿਹਾ ਹੈ ਕਿ ਭਾਰਤੀ ਨੀਤੀ ਘਾੜਿਆਂ ਨੂੰ ਇਹੋ ਜਿਹੇ ਨਤੀਜਿਆਂ ਦੀ ਕਦੀ ਸੁਪਨੇ ਵਿੱਚ ਵੀ ਆਸ ਨਹੀਂ ਹੋਵੇਗੀ। ਭਾਰਤ ਦੀ ਪ੍ਰਸਿੱਧ ਅਖਬਾਰ 'ਟਾਈਮਜ਼ ਆਫ ਇੰਡੀਆ' ਨੇ ਵੀ ਨੇਪਾਲ ਦੇ ਚੋਣ ਨਤੀਜਿਆਂ 'ਤੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਹੈ ਕਿ - 'ਮਾਓਵਾਦੀਆਂ ਦੀ ਜਿੱਤ ਨਾਲ, ਭਾਰਤ ਸਰਕਾਰ ਸਾਂਝੇ ਸਦਮੇ ਵਿੱਚ ਹੈ। ਪਰ ਭਾਰਤ ਦੀ ਵਿਦੇਸ਼ ਨੀਤੀ ਘੜਨ ਵਾਲਿਆਂ ਨੂੰ ਨੇਪਾਲ ਦੀ ਅੰਦਰੂਨੀ ਸਥਿਤੀ ਦੀ ਠੀਕ ਸਮਝ ਹੋਣੀ ਚਾਹੀਦੀ ਸੀ। ਹੁਣ ਨੇਪਾਲ ਦੇ ਦਿਲ ਤੇ ਦਿਮਾਗ ਲਈ ਕਬਜ਼ਾ-ਦੌੜ ਵਿੱਚ ਭਾਰਤ ਦਾ ਮੁਕਾਬਲਾ ਚੀਨ ਨਾਲ ਹੈ। ਮੌਜੂਦਾ ਦਿਨਾਂ ਵਿੱਚ ਚੀਨ ਦੀ ਨੇਪਾਲ ਸਰਕਾਰ ਤੋਂ ਇਹ ਹੀ ਆਸ ਹੋਵੇਗੀ ਕਿ ਉਹ ਤਿੱਬਤੀਆਂ 'ਤੇ ਪੂਰੀ ਕਾਠੀ ਪਾ ਕੇ ਰੱਖੇ ਤਾਂ ਕਿ ਬੀਜਿੰਗ ਉਲੰਪਿਕ ਵਿੱਚ ਕੋਈ ਵਿਘਨ ਨਾ ਪਵੇ।'

ਪਾਠਕਾਂ ਦੀ ਜਾਣਕਾਰੀ ਲਈ ਨੇਪਾਲ ਦੇਸ਼ ਸਬੰਧੀ ਕੁਝ ਮੁੱਢਲੀ ਜਾਣਕਾਰੀ ਦੇਣੀ ਲਾਹੇਵੰਦੀ ਹੋਵੇਗੀ ਤਾਂ ਕਿ ਨੇਪਾਲ ਦੀ 'ਮਹੱਤਤਾ' ਅਤੇ 'ਭੂਗੋਲਿਕ ਅਹਿਮੀਅਤ' ਦਾ ਅੰਦਾਜ਼ਾ ਲੱਗ ਸਕੇ।

ਨੇਪਾਲ ਦੇਸ਼, ਭਾਰਤ ਤੇ ਚੀਨ ਵਿਚਕਾਰ ਸੈਂਡਵਿਚ ਬਣਿਆ, ਲੈਂਡ ਲਾਕਡ ਦੇਸ਼ ਹੈ। ਨੇਪਾਲ ਦੀ ਕੁੱਲ ਅਬਾਦੀ ਦੋ ਕਰੋੜ ਸੱਤਰ ਲੱਖ ਦੇ ਕਰੀਬ (27 ਮਿਲੀਅਨ) ਹੈ ਅਤੇ ਕੁੱਲ ਇਲਾਕਾ 54,363 ਵਰਗਮੀਲ ਹੈ। ਨੇਪਾਲ ਦੀ ਕੁੱਲ ਅਬਾਦੀ ਵਿੱਚ 86.2 ਫੀਸਦੀ ਹਿੰਦੂ ਹਨ, 7.8 ਫੀਸਦੀ ਬੋਧੀ ਹਨ, 4 ਫੀਸਦੀ ਮੁਸਲਮਾਨ ਅਤੇ ਸਿੱਖਾਂ ਸਮੇਤ ਹੋਰ ਘੱਟਗਿਣਤੀਆਂ ਦੀ ਅਬਾਦੀ 2 ਫੀਸਦੀ ਦੇ ਲਗਭਗ ਹੈ। ਨੇਪਾਲ ਵਿੱਚ ਮੁੱਖ ਤੌਰ 'ਤੇ ਜੰਮੂ-ਕਸ਼ਮੀਰ ਦੇ ਸਿੱਖ ਵਸਦੇ ਹਨ। ਜਿਹੜੇ ਟਰਾਂਸਪੋਰਟ ਅਤੇ ਹੋਟਲਾਂ ਆਦਿ ਦੇ ਮਾਲਕ ਹਨ ਅਤੇ ਖੁਸ਼ਹਾਲ ਹਨ। ਨੇਪਾਲ ਭਾਵੇਂ ਸਰਕਾਰੀ ਤੌਰ 'ਤੇ ਇੱਕ 'ਹਿੰਦੂ ਦੇਸ਼' ਐਲਾਨਿਆ ਹੋਇਆ ਹੈ ਪਰ ਉਥੇ ਭਾਰਤ ਵਾਂਗ 'ਫਿਰਕੂ' ਜ਼ਹਿਨੀਅਤ ਨਹੀਂ ਹੈ ਅਤੇ ਨੇਪਾਲੀ ਗੋਰਖੇ ਬੜੇ ਸਾਊ ਸੁਭਾਅ ਦੇ ਅਤੇ ਦੂਸਰੀਆਂ ਪ੍ਰੰਪਰਾਵਾਂ ਸਬੰਧੀ ਸਹਿਣਸ਼ੀਲਤਾ ਦੀ ਭਾਵਨਾ ਰੱਖਦੇ ਹਨ। ਪਿਛਲੇ ਕੁਝ ਸਮੇਂ ਤੋਂ ਉੱਥੇ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਆਰ. ਐਸ. ਐਸ. ਨੇ 'ਸ਼ਰਾਰਤ' ਕਰਨੀ ਅਰੰਭੀ ਹੋਈ ਹੈ। ਨੇਪਾਲ ਦਾ ਭਾਰਤ ਨਾਲ 1,690 ਕਿਲੋਮੀਟਰ ਅਤੇ ਚੀਨ ਨਾਲ 1,236 ਕਿਲੋਮੀਟਰ ਬਾਰਡਰ ਲਗਦਾ ਹੈ। ਦੁਨੀਆਂ ਦੀਆਂ ਸਭ ਤੋਂ ਉੱਚੀਆਂ 10 ਬਰਫਾਨੀ ਚੋਟੀਆਂ 'ਚੋਂ ਅੱਠ (ਸਮੇਤ ਮਾਊਂਟ ਐਵੈਰਸਟ ਦੇ) ਨੇਪਾਲ ਵਿੱਚ ਹਨ। ਨੇਪਾਲ ਵਿੱਚ ਅੰਤਾਂ ਦੀ ਗਰੀਬੀ ਵੀ ਹੈ। ਉਥੋਂ ਦਾ ਸਾਖਰਤਾ ਅਨੁਪਾਤ (ਪੜ੍ਹੇ ਲਿਖੇ) 45 ਫੀਸਦੀ ਹੈ ਅਤੇ ਪ੍ਰਤੀ ਜੀਅ ਸਾਲਾਨਾ ਆਮਦਨ (ਜੀ. ਡੀ. ਪੀ.) 230 ਅਮਰੀਕੀ ਡਾਲਰ ਹੈ। ਨੇਪਾਲੀ ਗੋਰਖੇ ਆਪਣੀ ਬਹਾਦਰੀ ਅਤੇ ਅਣਖ ਲਈ ਮਸ਼ਹੂਰ ਹਨ ਪਰ ਦਾਇਮੀ-ਗਰੀਬੀ ਦਾ ਨਤੀਜਾ ਇਹ ਹੈ ਕਿ ਢਾਈ ਲੱਖ ਤੋਂ ਜ਼ਿਆਦਾ ਨੇਪਾਲੀ ਕੁੜੀਆਂ (ਕਈਆਂ ਦੀ ਉਮਰ 11-12 ਸਾਲ ਦੀ ਹੁੰਦੀ ਹੈ) ਹਰ ਸਾਲ ਦੇਹ-ਵਪਾਰ

ਦੇ ਦਲਾਲਾਂ ਵਲੋਂ ਦੁਨੀਆਂ ਭਰ ਦੇ ਚਕਲਿਆਂ ਵਿੱਚ ਵੇਚੀਆਂ ਜਾਂਦੀਆਂ ਹਨ। ਨੇਪਾਲ ਵਿੱਚ 'ਬਾਦਸ਼ਾਹਤ' (ਮੋਨਾਰਕੀ) ਮੁੱਢ ਕਦੀਮਾਂ ਤੋਂ ਚਲੀ ਆਉਂਦੀ ਹੈ। ਭਾਵੇਂ ਪਿਛਲੀ ਅੱਧੀ ਸਦੀ ਵਿੱਚ ਨੇਪਾਲ ਵਿੱਚ ਲੋਕਤੰਤਰ ਦੀ ਬਹਾਲੀ ਲਈ ਬਹੁ-ਪਾਰਟੀ ਸਿਸਟਮ ਆਦਿ ਦੇ ਤਜਰਬੇ ਕੀਤੇ ਗਏ ਪਰ ਰਾਜਸ਼ਾਹੀ ਆਪਣੇ ਹੱਥੋਂ ਸ਼ਕਤੀ ਨਹੀਂ ਸੀ ਛੱਡਣਾ ਚਾਹੁੰਦੀ।

ਨੇਪਾਲ ਵਿਚਲੀ ਅੰਤਾਂ ਦੀ ਗਰੀਬੀ ਦੇ ਮਾਹੌਲ ਵਿੱਚ, ਉਥੇ 'ਮਾਓਵਾਦੀ ਕ੍ਰਾਂਤੀ' ਨੇ ਪੇਂਡੂ ਇਲਾਕਿਆਂ ਵਿੱਚ ਆਪਣੇ ਚੰਗੇ ਪੈਰ ਜਮਾਏ। 1996 ਦੀਆਂ ਨੇਪਾਲੀ ਪਾਰਲੀਮਾਨੀ ਚੋਣਾਂ ਵਿੱਚ ਮਾਓਵਾਦੀਆਂ ਨੂੰ 205 ਸੀਟਾਂ ਵਿੱਚੋਂ ਸਿਰਫ 9 ਸੀਟਾਂ ਹਾਸਲ ਹੋਈਆਂ ਸਨ - ਜਿਸ ਤੋਂ ਬਾਅਦ ਮਾਓਵਾਦੀਆਂ ਨੇ 'ਅੰਡਰਗਰਾਊਂਡ' ਹਥਿਆਰਬੰਦ ਸੰਘਰਸ਼ ਅਰੰਭਿਆ। ਇੱਕ ਅੰਦਾਜ਼ੇ ਮੁਤਾਬਿਕ ਇਸ ਸੰਘਰਸ਼ ਵਿੱਚ 20 ਹਜ਼ਾਰ ਦੇ ਲਗਭਗ ਨੇਪਾਲੀ ਮਾਰੇ ਗਏ। ਮਾਓਵਾਦੀਆਂ ਕੋਲ 20 ਹਜ਼ਾਰ ਦੇ ਲਗਭਗ ਟਰੇਂਡ ਯੋਧੇ ਅਤੇ 50 ਹਜ਼ਾਰ ਦੇ ਲਗਭਗ 'ਮਿਲੀਸ਼ੀਆ' ਸੀ ਅਤੇ ਨੇਪਾਲ ਦਾ ਲਗਭਗ 70 ਫੀਸਦੀ ਇਲਾਕਾ ਇਨ੍ਹਾਂ ਦੇ ਕਬਜ਼ੇ ਵਿੱਚ ਸੀ। ਨੇਪਾਲ ਦੇ ਮਾਓਵਾਦੀਆਂ ਦਾ 'ਆਦਰਸ਼ ਲੀਡਰ' ਚੀਨੀ ਕ੍ਰਾਂਤੀਕਾਰੀ ਮਾਓ ਜੇ ਤੁੰਗ ਹੈ ਅਤੇ ਉਨ੍ਹਾਂ ਦੀ ਲੜਾਈ ਦਾ 'ਮਾਡਲ' ਪੀਰੂ ਦੇਸ਼ ਦੇ 'ਮਾਓਵਾਦੀ ਸ਼ਾਈਨਿੰਗ ਪਾਥ ਗੁਰੀਲਿਆਂ' ਦੀ ਤਰਜ਼ 'ਤੇ ਸੀ। ਨੇਪਾਲੀ ਮਾਓਵਾਦੀਆਂ ਦਾ ਲੀਡਰ, ਪੜ੍ਹਿਆ-ਲਿਖਿਆ (ਭਾਰਤ ਦੀਆਂ ਯੂਨੀਵਰਸਿਟੀਆਂ ਵਿੱਚ) ਪੁਸ਼ਪ ਕੁਮਾਰ ਦਾਹਲ ਉਪਰ ਪ੍ਰਚੰਡਾ ਹੈ। ਨੇਪਾਲ ਦੇ ਮਾਓਵਾਦੀਆਂ ਨੇ ਗੁਰੀਲਾ ਲੜਾਈ ਦੇ ਕਈ ਨਵੇਂ ਦਾਅ ਵੀ ਇਜ਼ਾਦ ਕੀਤੇ ਹਨ। ਹੁਣੇ ਇਸੇ ਪ੍ਰਚੰਡਾ ਦੀ ਅਵਗਾਈ ਵਿੱਚ, ਮਾਓਵਾਦੀਆਂ ਨੇ ਚੋਣਾਂ ਵਿੱਚ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ।

ਸਿੱਖ ਕੌਮ ਅਤੇ ਨੇਪਾਲ ਦੇ ਬੜੇ ਡੂੰਘੇ ਇਤਿਹਾਸਕ ਸਬੰਧ ਹਨ। 1809 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ, ਅੰਗਰੇਜ਼ਾਂ ਨਾਲ 'ਅੰਮ੍ਰਿਤਸਰ ਦੀ ਸੰਧੀ' ਤੇ ਦਸਤਖਤ ਕੀਤੇ ਸਨ, ਜਿਸ ਅਨੁਸਾਰ ਦਰਿਆ ਸਤਿਲੁਜ, ਸਿੱਖ ਰਾਜ ਤੇ ਅੰਗਰੇਜੀ ਰਾਜ ਵਿਚਕਾਰਲੀ ਹੱਦ ਮਿੱਥੀ ਗਈ ਸੀ। ਇਸ ਸੰਧੀ ਨੇ ਮਹਾਰਾਜਾ ਰਣਜੀਤ ਸਿੰਘ ਦੇ ਸੁਪਨੇ ਦਾ ਤਾਂ ਅੰਤ ਕਰ ਦਿੱਤਾ ਸੀ, ਜਿਸ ਅਨੁਸਾਰ ਉਹ ਇੰਡਸ ਦਰਿਆ ਤੋਂ ਲੈ ਕੇ ਜਮੁਨਾ ਤੱਕ ਵਿਸ਼ਾਲ ਰਾਜ ਸਥਾਪਤ ਕਰਨਾ ਚਾਹੁੰਦਾ ਸੀ ਕਿਉਂਕਿ ਸਤਲੁਜ ਤੋਂ ਜਮੁਨਾ ਤੱਕ ਵਿਚਲੀਆਂ ਪਟਿਆਲਾ, ਨਾਭਾ, ਜੀਂਦ, ਕੈਥਲ ਆਦਿ ਦੀਆਂ ਸਿੱਖ ਰਿਆਸਤਾਂ ਅੰਗਰੇਜ਼ਾਂ ਦੀ 'ਸ਼ਰਣ' ਵਿੱਚ ਚਲੀਆਂ ਗਈਆਂ ਸਨ - ਇਸ ਲਈ ਰਣਜੀਤ ਸਿੰਘ ਕੋਲ ਹੋਰ ਕੋਈ ਰਸਤਾ ਵੀ ਨਹੀਂ ਸੀ, ਸਿਵਾਏ ਅੰਗਰੇਜਾਂ ਨਾਲ ਸਿੱਧੀ ਟੱਕਰ ਲੈਣ ਦੇ ਜਾਂ ਸੰਧੀ ਕਰਨ ਦੇ। ਉਸਨੇ ਸੰਧੀ ਕਰਨਾ ਹੀ ਸਮੇਂ ਦੀ ਨਜ਼ਾਕਤ ਸਮਝਿਆ। ਮਹਾਰਾਜਾ ਰਣਜੀਤ ਸਿੰਘ ਹੁਣ ਆਪਣਾ ਰਾਜ ਸਤਿਲੁਜ ਦੇ ਉਰਲੇ ਕੰਢੇ ਵੱਲ ਵਧਾਉਣ ਲਈ ਆਜ਼ਾਦ ਸੀ।

ਉਸ ਵੇਲੇ ਨੇਪਾਲ ਵਿੱਚ (ਰਾਜਾ) ਜਨਰਲ ਅਮਰ ਸਿੰਘ ਥਾਪਾ ਦਾ ਰਾਜ ਸੀ, ਜਿਹੜਾ ਕਿ ਇੱਕ ਬੜਾ ਬਹਾਦਰ ਜਰਨੈਲ ਸੀ ਅਤੇ ਉਸਨੇ ਆਪਣੇ ਰਾਜ ਦੀਆਂ ਹੱਦਾਂ ਸਤਿਲੁਜ ਦੇ ਪੱਛਮੀ ਕੰਢਿਆਂ ਤੱਕ ਲੈ ਆਂਦੀਆਂ ਸਨ। ਪਰ ਉਸਨੇ ਸਤਿਲੁਜ ਲੰਘ ਕੇ ਜ਼ਿਲ੍ਹਾ ਕਾਂਗੜਾ 'ਤੇ ਵੀ ਹਮਲਾ ਕਰ ਦਿੱਤਾ। ਉਸ ਵੇਲੇ ਕਾਂਗੜੇ 'ਤੇ ਰਾਜਾ ਸੰਸਾਰ ਚੰਦ ਕਟੋਚ ਦਾ ਰਾਜ ਸੀ ਅਤੇ ਕਾਂਗੜੇ ਦੀਆਂ ਹੱਦਾਂ ਵਿੱਚ ਕੁੱਲੂ, ਲਾਹੌਲ, ਸਪੀਤੀ (ਰੋਹਤਾਂਗ ਪਾਸ ਤੱਕ ਜਿਹੜਾ ਚੀਨ ਨਾਲ ਲਗਦਾ ਹੈ) ਸਭ ਸ਼ਾਮਲ ਸਨ। ਅਮਰ ਸਿੰਘ ਥਾਪੇ ਦੇ ਹਮਲੇ ਤੋਂ ਘਬਰਾ ਕੇ, ਸੰਸਾਰ ਚੰਦ ਕਟੋਚ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੱਦਦ ਮੰਗੀ। ਮਹਾਰਾਜੇ ਨੇ ਇਸ ਸ਼ਰਤ 'ਤੇ ਮਦਦ ਦੇਣੀ ਕਬੂਲ ਕੀਤੀ ਕਿ ਜਿੱਤ ਤੋਂ ਬਾਅਦ 'ਕਾਂਗੜੇ ਦਾ ਕਿਲ੍ਹਾ' ਸਿੱਖਾਂ ਦੇ ਹਵਾਲੇ ਕਰਨਾ ਪਵੇਗਾ, ਜਿਹੜੀ ਸ਼ਰਤ ਸੰਸਾਰ ਚੰਦ ਨੇ ਮੰਨ ਲਈ। 24 ਦਸੰਬਰ 1809 ਨੂੰ ਗਣੇਸ਼ ਘਾਟੀ ਦੇ ਮੁਕਾਮ 'ਤੇ ਸਿੱਖ ਫੌਜਾਂ ਅਤੇ ਅਮਰ ਸਿੰਘ ਥਾਪਾ ਦੀਆਂ ਗੋਰਖਾ ਫੌਜਾਂ ਵਿਚਕਾਰ ਟੱਕਰ ਹੋਈ। ਇਹ ਲਹੂ ਡੋਲ੍ਹਵੀਂ ਲੜਾਈ ਸੀ, ਜਿਸ ਵਿੱਚ ਗੋਰਖੇ ਬੜੀ ਬਹਾਦਰੀ ਨਾਲ ਲੜੇ ਪਰ ਅੰਤ ਵਿੱਚ ਜਿੱਤ ਸਿੱਖ ਫੌਜ ਦੀ ਹੋਈ।

ਮਹਾਰਾਜਾ ਰਣਜੀਤ ਸਿੰਘ ਗੋਰਖਿਆਂ ਦੀ ਬਹਾਦਰੀ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਰਾਜਾ ਅਮਰ ਸਿੰਘ ਥਾਪਾ ਵੱਲ ਦੋਸਤੀ ਦਾ ਹੱਥ ਵਧਾਉਂਦਿਆਂ, ਉਸ ਦੇ ਪੁੱਤਰ ਭੋਪਾਲ ਸਿੰਘ ਥਾਪਾ ਨੂੰ ਸਿੱਖ ਰਾਜ ਵਿੱਚ ਜਰਨੈਲ ਦੀ ਪਦਵੀ ਦੇਂਦਿਆਂ, ਉਸਦੀ ਅਗਵਾਈ ਵਿੱਚ ਪੂਰੀ ਗੋਰਖਾ ਪੈਦਲ ਫੌਜ ਦਾ ਨਿਰਮਾਣ ਕੀਤਾ। ਉਦੋਂ ਤੱਕ ਸਿੱਖਾਂ ਵਿੱਚ ਪੈਦਲ ਫੌਜ ਦਾ ਰਿਵਾਜ਼ ਅਤੇ ਸ਼ੌਕ ਨਹੀਂ ਸੀ ਅਤੇ ਸਿੱਖ ਯੋਧੇ ਘੋੜ ਚੜ੍ਹੇ ਹੀ ਹੁੰਦੇ ਸਨ। ਮਹਾਰਾਜਾ ਰਣਜੀਤ ਸਿੰਘ ਦੀ ਪੈਦਲ ਫੌਜ ਵਿੱਚ ਦਿਲਚਸਪੀ ਅਤੇ ਉਨ੍ਹਾਂ ਦੀ ਚੰਗੀ ਤਨਖਾਹ ਦੀ ਵਜ੍ਹਾ ਕਰਕੇ ਬਾਅਦ ਵਿੱਚ ਸਿੱਖ ਵੀ ਭਾਰੀ ਗਿਣਤੀ ਵਿੱਚ ਪੈਦਲ ਫੌਜ ਵਿੱਚ ਸ਼ਾਮਲ ਹੋਏ। ਯੂਰਪੀਅਨ ਜਰਨੈਲਾਂ ਨੇ ਆਪਣੀ ਟਰੇਨਿੰਗ ਤਕਨੀਕਾਂ ਨਾਲ, ਇਸ ਫੌਜ ਵਿੱਚ ਵਿਸ਼ੇਸ਼ ਨਿਖਾਰ ਲਿਆਂਦਾ। ਅੰਗਰੇਜ਼ਾਂ ਨੂੰ ਸਿੱਖ ਰਾਜ ਅਤੇ ਨੇਪਾਲ ਦੀ ਦੋਸਤੀ ਅਤੇ ਉਹਨਾਂ ਦੇ ਰਾਜਾਂ ਦੀਆਂ ਆਪਸ ਵਿੱਚ ਲਗਦੀਆਂ 'ਸੀਮਾਵਾਂ' ਦੀ ਬੜੀ ਤਕਲੀਫ ਸੀ। ਅੰਗਰੇਜ਼ਾਂ ਨੇ 1814 ਵਿੱਚ ਨੇਪਾਲ ਨਾਲ ਜੰਗ ਛੇੜ ਲਈ, ਜਿਹੜੀ 1816 ਤੱਕ ਚਲਦੀ ਰਹੀ। ਸੰਗੋਲੀ ਦੀ ਸੰਧੀ ਅਨੁਸਾਰ ਅੰਗਰੇਜ਼ਾਂ ਨੇ ਨੇਪਾਲ ਦਾ 'ਤੀਸਰਾ ਹਿੱਸਾ' ਇਲਾਕਾ ਹੜੱਪ ਲਿਆ - ਜਿਸ ਵਿੱਚ ਉਤਰਾਂਚਲ ਅਤੇ ਹਿਮਾਚਲ ਦੇ ਉਹ ਇਲਾਕੇ ਵੀ ਸ਼ਾਮਲ ਸਨ, ਜਿਹੜੇ ਸਤਿਲੁਜ ਦੇ ਦੂਸਰੇ ਪਾਸੇ ਸਨ ਅਤੇ ਸਿੱਖ ਰਾਜ ਅਤੇ ਨੇਪਾਲ ਦਾ ਆਪਸੀ ਸਬੰਧ ਜੋੜਦੇ ਸਨ। ਅੰਗਰੇਜ਼ਾਂ ਦੇ ਕਬਜ਼ੇ ਵਿੱਚ 'ਸੰਗੋਲੀ ਸੰਧੀ' ਰਾਹੀਂ ਆਏ ਇਲਾਕਿਆਂ ਵਿੱਚ (ਅਜੋਕੇ ਹਿਮਾਚਲ ਵਿਚਲੇ) ਜ਼ਿਲ੍ਹਾ ਸਿਰਮੌਰ, ਕਿਨੌਰ, ਸ਼ਿਮਲਾ ਆਦਿ ਦੇ ਇਲਾਕੇ ਅਤੇ ਉਤਰਾਂਚਲ ਵਿਚਲੇ ਕਮਾਓਂ ਅਤੇ ਗੜਵਾਲ ਖਿੱਤੇ ਵਿਚਲੇ ਪਿਥੋਰਗੜ੍ਹ, ਅਲਮੋੜਾ, ਚਮੌਲੀ, ਟੀਹਰੀ ਗੜਵਾਲ ਆਦਿ ਦੇ ਇਲਾਕੇ ਸ਼ਾਮਲ ਸਨ। ਕੋਈ ਭੁਲੇਖਾ ਨਾ ਰਹੇ ਕਿ ਭਵਿੱਖ ਦੇ 'ਖਾਲਿਸਤਾਨ ਦੇਸ਼' ਵਿੱਚ ਇਹ 'ਜਮੁਨਾ ਉਰਾਰ' (ਜਮੁਨਾ ਤੋਂ ਉਰੇ) ਦੀ 'ਕੁਦਰਤੀ' ਸੀਮਾ ਹੈ - ਹਿੰਦੂਤਵੀਆਂ ਦੀ ਸੀਮਾ -ਜਮੁਨਾ ਪਾਰ- ਇਲਾਕੇ ਵਿੱਚ ਹੀ ਹੈ। ਅੰਗਰੇਜ਼ਾਂ ਦੀ ਤੀਖਣ ਸਿਆਸੀ ਚਾਲ ਨੇ, ਖਾਲਸਾ ਰਾਜ ਅਤੇ ਨੇਪਾਲ ਦੇਸ਼ ਦਾ

ਬਾਰਡਰ ਸਬੰਧ ਤਾਂ ਤੋੜ ਦਿੱਤਾ ਪਰ ਨੇਪਾਲੀ ਗੋਰਖੇ ਲਗਾਤਾਰ ਸਿੱਖ ਫੌਜ ਵਿੱਚ ਭਰਤੀ ਹੁੰਦੇ ਰਹੇ ਅਤੇ ਸਿੱਖ ਰਾਜ ਅਤੇ ਨੇਪਾਲ ਵਿੱਚ ਸਦਭਾਵਨਾ ਸਬੰਧ ਬਣੇ ਰਹੇ।

29 ਮਾਰਚ, 1849 ਨੂੰ ਸਿੱਖ ਰਾਜ, ਅੰਗਰੇਜਾਂ ਨੇ ਹੜੱਪ ਲਿਆ ਪਰ ਉਸ ਤੋਂ ਪਹਿਲਾਂ ਮਹਾਰਾਣੀ ਜਿੰਦ ਕੌਰ (ਜਿੰਦਾਂ) ਨੂੰ ਫਰੰਗੀਆਂ ਨੇ 14 ਜੁਲਾਈ 1848 ਨੂੰ ਗ੍ਰਿਫਤਾਰ ਕਰ ਲਿਆ ਸੀ ਅਤੇ ਸ਼ੇਖੂਪੁਰਾ ਆਦਿ ਵਿੱਚ ਨਜ਼ਰਬੰਦ ਰੱਖਣ ਤੋਂ ਬਾਅਦ ਉਸ ਨੂੰ ਯੂ. ਪੀ. ਦੇ ਜ਼ਿਲ੍ਹਾ ਮੁਜ਼ੱਫਰਾਬਾਦ ਦੀ ਚਿਨਾਰ ਜੇਲ੍ਹ ਵਿੱਚ ਕੈਦ ਕਰ ਦਿੱਤਾ ਗਿਆ (ਇੱਥੇ ਉਸ ਨੂੰ ਬਹੁਤ ਜ਼ਲੀਲ ਕੀਤਾ ਗਿਆ)। ਬਹਾਦਰ ਮਹਾਰਾਣੀ ਜਿੰਦਾਂ ਇੱਕ ਵਣਜਾਰਨ ਦੇ ਭੇਸ ਵਿੱਚ ਚਿਨਾਰ ਤੋਂ ਨਿਕਲਕੇ, ਪੈਦਲ ਤੁਰਦੀ ਨੇਪਾਲ ਦੀ ਰਾਜਧਾਨੀ ਕਾਠਮੰਡੂ ਪਹੁੰਚੀ – ਜਿੱਥੇ ਕਿ ਉਸ ਵੇਲੇ ਦੇ ਨੇਪਾਲ ਦੇ ਰਾਜੇ, ਰਾਜਾ ਸੁਰਿੰਦਰ ਬਿਕਰਮ ਸ਼ਾਹ ਨੇ ਉਸ ਦਾ ਸ਼ਾਹਾਨਾ ਸਵਾਗਤ ਕੀਤਾ। ਮਹਾਰਾਣੀ ਜਿੰਦਾਂ ਨੂੰ ਰਹਿਣ ਲਈ ਇੱਕ ਮਹਿਲ ਅਤੇ ਹੋਰ ਸਾਰੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ, ਜਿੱਥੇ ਕਿ ਉਹ ਲਗਭਗ 12 ਸਾਲ ਆਜ਼ਾਦੀ ਨਾਲ ਰਹੀ। ਅੰਗਰੇਜ ਸਾਮਰਾਜੀਆਂ ਨੇ ਨੇਪਾਲ ਦੇ ਰਾਜੇ ’ਤੇ ਕਾਫੀ ਦਬਾਅ ਪਾਇਆ ਪਰ ਉਸ ਨੇ ਪ੍ਰਵਾਹ ਨਾ ਕੀਤੀ। ਸਿੱਖ ਕੌਮ ਨੇਪਾਲੀ ਲੋਕਾਂ ਦੀ, ਇਸ ‘ਔਖੀ ਘੜੀ’ ਵਿੱਚ ਸਿੱਖ ਰਾਣੀ ਪ੍ਰਤੀ ਵਿਖਾਈ ਗਈ ਸਦਭਾਵਨਾ ਨੂੰ ਕਦੀ ਵੀ ਨਹੀਂ ਭੁੱਲ ਸਕਦੀ। ਬਾਅਦ ਵਿੱਚ ਮਹਾਰਾਣੀ ਜਿੰਦਾਂ, ਕਲਕੱਤੇ ਰਾਹੀਂ ਲੰਡਨ ਪਹੁੰਚੀ ਅਤੇ ਦੋ ਸਾਲਾਂ ਦੇ ਵਿੱਚ ਵਿੱਚ, ਉਸ ਦੀ ਮੌਤ (ਜਾਂ ਅੰਗਰੇਜ਼ੀ ਰਾਜ ਵਲੋਂ ਸਾਜ਼ਿਸ਼ੀ ਕਤਲ ?) ਹੋ ਗਈ। ਮਰਨ ਤੋਂ ਪਹਿਲਾਂ ਉਸ ਨੇ ਆਪਣੇ ਪੁੱਤਰ ਦਲੀਪ ਸਿੰਘ ਨੂੰ ਇਹ ਸ਼ਬਦ ਕਹੇ – “ਮੇਰੀਆਂ ਹੱਡੀਆਂ ਇਸ ਨਿਰਦਈ ਧਰਤੀ ਤੇ ਨਾ ਰੋਲੀਂ। ਮੇਰਾ ਸਸਕਾਰ, ਮੇਰੇ ਪਤੀ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦੇ ਨਾਲ ਹੀ ਕਰਨਾ।” ਧੋਖੇਬਾਜ਼ ਅੰਗਰੇਜ਼ਾਂ ਨੇ ਮਹਾਰਾਣੀ ਜਿੰਦਾਂ ਦੀ ਇਹ ਇੱਛਾ ਵੀ ਪੂਰੀ ਨਾ ਹੋਣ ਦਿੱਤੀ। ਮਹਾਰਾਜਾ ਦਲੀਪ ਸਿੰਘ, ਨਾਸਿਕ (ਮਹਾਰਾਸ਼ਟਰ) ਵਿੱਚ, ਦਰਿਆ ਗੋਦਾਵਰੀ ਵਿੱਚ ਹੀ ਮਹਾਰਾਣੀ ਦੀਆਂ ਅਸਥੀਆਂ ਭੇਟ ਕਰਕੇ ਇੰਗਲੈਂਡ ਵਾਪਸ ਮੁੜ ਗਿਆ।

26 ਮਿਲੀਅਨ ਸਿੱਖ ਕੌਮ, ਨੇਪਾਲ ਦੇ ਲੋਕਾਂ ਦੀ ਭਲਾਈ, ਖੁਸ਼ਹਾਲੀ ਅਤੇ ਆਪਸੀ ਸਦਭਾਵਨਾ ਦੀ ਕਾਮਨਾ ਕਰਦੀ ਹੈ। ਨੇਪਾਲ ਦੇ ਗੋਰਖੇ, ਸਿੱਖਾਂ ਵਾਂਗ ਅਣਖੀਲੇ, ਬਹਾਦਰ ਅਤੇ ਵਫਾਦਾਰੀ ਦੇ ਗੁਣਾਂ ਨਾਲ ਮਾਲਾਮਾਲ ਹਨ ਪਰ ਬਦਕਿਸਮਤੀ ਨਾਲ ਅੱਜ ਦੀ ਸਿਆਸੀ ਖੇਡ ਦੇ ਬੇਈਮਾਨੀ ਦੇ ਨਾਪਦੰਡਾਂ ਨੂੰ ਸਮਝਣ ਤੋਂ ਅਮਸਰੱਥ ਹੋਣ ਕਰਕੇ ਸਿਆਸੀ ਚੱਕਰਵਿਊ ਦਾ ਸ਼ਿਕਾਰ ਹੁੰਦੇ ਰਹੇ ਹਨ। ਪਰ ਜਿਵੇਂ ਮਾਓਵਾਦੀਆਂ ਨੇ ਚੋਣਾਂ ਜਿੱਤ ਕੇ ਆਪਣੀ ‘ਆਜ਼ਾਦ ਹਸਤੀ’ ਅਤੇ ਸਿਆਣਪ ਦਾ ਪ੍ਰਗਟਾਵਾ ਕੀਤਾ ਹੈ, ਉਸ ਤੋਂ ਆਸ ਕਰਨੀ ਚਾਹੀਦੀ ਹੈ ਕਿ ਪ੍ਰਚੰਡਾ ਦੀ ਅਗਵਾਈ ਵਿੱਚ ਨੇਪਾਲ ਦੇਸ਼, ਤਰੱਕੀ ਵੱਲ ਵਧੇਗਾ। ਰਾਜਾਸ਼ਾਹੀ ਦਾ ਖਾਤਮਾ, ਮਾਓਵਾਦੀਆਂ ਦਾ ਅਟੱਲ ਫੈਸਲਾ ਹੈ। ਨੇਪਾਲ ਦੇ ਲੋਕ, ਆਪਣੀ ਆਜ਼ਾਦ–ਹਸਤੀ ਨਾਲ, ਆਪਣੇ ਭਵਿੱਖ ਸਬੰਧੀ ਜੋ ਵੀ ਫੈਸਲੇ ਕਰਨਗੇ – ਸਿੱਖ ਕੌਮ ਉਸ ਨੂੰ ਮੁਕੰਮਲ ਸਮਰਥਨ ਦੇਵੇਗੀ। ਨੇਪਾਲੀਆਂ ਨੂੰ ਭਾਰਤ ਦੇ ਸ਼ਾਤਰ ਜਾਅਲਸਾਜ਼ਾਂ ਤੋਂ ਬਚਣ ਦੀ ਅਤਿਅੰਤ ਲੋੜ ਹੈ।